Directorate Of Education, GNCT Of Delhi
Practice Paper
Session-2025-26
Class-X
Subject- Punjabi (004)

Maximum Marks-80

Time - 3 hrs

## ਆਮ ਨਿਰਦੇਸ਼

* ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।

: ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸੀਟ 'ਤੇ ਲਿਖਿਆ ਜਾਵੇ।

: ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ: ਭਾਗ-I ਪੜ੍ਹਨ- ਕੌਸ਼ਲ ਭਾਗ-II ਵਿਆਕਰਨ ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸਨ

: ਭਾਗ-1 ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾ ਨੂੰ ਹੱਲ ਕੀਤਾ ਜਾਵੇ।

* ਭਾਗ- II : ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾ ਅਨੁਸਾਰ ਉਹਨਾ ਨੂੰ ਹੱਲ ਕੀਤਾ ਜਾਵੇ।

* ਭਾਗ- III: ਪ੍ਰਭਾਵਸਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

* ਭਾਗ-1V: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।

* ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

## ਭਾਗ ਪਹਿਲਾ

## ਪੜਨ ਕੌਸ਼ਲ (Part-1 Reading Skill)

ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6

1. ਅੱਜ ਦੀ ਦੁਨੀਆ ਵਿੱਚ ਪਾਣੀ ਦੀ ਘਾਟ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ। ਭਾਰਤ ਦੇ ਕਈ ਰਾਜਾਂ ਵਿੱਚ ਗਰਮੀ ਦੇ ਦੌਰਾਨ ਪਾਣੀ ਦੀ ਭਾਰੀ ਕਮੀ ਵੇਖੀ ਗਈ ਹੈ। ਪਿੰਡਾਂ ਤੋਂ ਲੈ ਕੇ ਸ਼ਹਿਰੀ ਇਲਾਕਿਆਂ ਤੱਕ ਲੋਕ ਪਾਣੀ ਦੀ ਇਕ ਬੂੰਦ ਲਈ ਤਰਸ ਰਹੇ ਹਨ। ਕੁਝ ਥਾਵਾਂ 'ਤੇ ਟੈਂਕਰਾਂ ਤੋਂ ਪਾਣੀ ਦਿੱਤਾ ਜਾ ਰਿਹਾ ਹੈ, ਪਰ ਇਹ ਹਮੇਸ਼ਾ ਸੰਭਵ ਨਹੀਂ ਹੁੰਦਾ। ਪਾਣੀ ਦੀ ਘਾਟ ਦੇ ਕਾਰਨ ਕਈ ਖੇਤਰਾਂ ਵਿੱਚ ਖੇਤੀ ਪ੍ਰਭਾਵਿਤ ਹੋ ਰਹੀ ਹੈ। ਜਮੀਨ ਸੁੱਕ ਰਹੀ ਹੈ, ਅਤੇ ਫਸਲਾਂ ਖਰਾਬ ਹੋ ਰਹੀਆਂ ਹਨ। ਇਹ ਨਾ ਸਿਰਫ਼ ਕਿਸਾਨਾਂ ਲਈ, ਸਗੋਂ ਪੂਰੇ ਦੇਸ਼ ਦੀ ਅਰਥਵਿਵਸਥਾ ਲਈ ਚਿੰਤਾ ਦੀ ਗੱਲ ਹੈ। ਜਲ ਸੰਚੈ (Water Conservation) ਦੀ ਲੋੜ ਬਹੁਤ ਜ਼ਰੂਰੀ ਹੋ ਚੁੱਕੀ ਹੈ। ਸਾਨੂੰ ਪਾਣੀ ਨੂੰ ਬਚਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਛੱਤਾਂ ਉੱਤੇ ਰੇਨ ਵਾਟਰ ਹਾਰਵੇਸਟਿੰਗ ਲਗਾਉਣੀ ਚਾਹੀਦੀ ਹੈ। ਨਲ ਚਲਦਾ ਛੱਡ ਕੇ ਪਾਣੀ ਬਰਬਾਦ ਨਾ ਕਰੀਏ। ਪਾਣੀ ਦੀ ਹਰ ਬੂੰਦ ਕੀਮਤੀ ਹੈ। ਸਕੂਲਾਂ, ਘਰਾਂ ਅਤੇ ਕਮੇਊਨਿਟੀ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਹੁਣ ਵੀ ਨਹੀਂ ਜਾਗੇ, ਤਾਂ ਭਵਿੱਖ ਵਿੱਚ ਪਾਣੀ ਲਈ ਜੰਗਾਂ ਹੋਣ ਦੀ ਸੰਭਾਵਨਾ ਹੈ। ਇਸ ਲਈ, ਪਾਣੀ ਬਚਾਉਣਾ ਸਾਡਾ ਕਰਤਵ ਹੈ, ਨਾ ਕਿ ਚੋਣ।

---

ਚੋਣਵਾਂ ਆਧਾਰਿਤ ਪ੍ਰਸ਼ਨ (MCQs):

1. ਪਾਣੀ ਦੀ ਘਾਟ ਅੱਜ ਕਿਹੜੀ ਸਮੱਸਿਆ ਬਣ ਚੁੱਕੀ ਹੈ?

ੳ) ਛੋਟੀ

ਅ) ਮਜ਼ਾਕੀਆ

ੲ) ਗੰਭੀਰ

ਸ) ਆਮ

2. ਪਾਣੀ ਦੀ ਕਮੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਕੌਣ ਹੁੰਦੇ ਹਨ?

ੳ) ਡਾਕਟਰ

ਅ) ਵਿਦਿਆਰਥੀ

ੲ) ਕਿਸਾਨ

ਸ) ਇੰਜੀਨੀਅਰ

3. ਕਈ ਥਾਵਾਂ 'ਤੇ ਪਾਣੀ ਕਿਵੇਂ ਦਿੱਤਾ ਜਾ ਰਿਹਾ ਹੈ?

ੳ) ਪਾਈਪ ਲਾਈਨ ਰਾਹੀਂ

B) ਟੈਂਕਰਾਂ ਰਾਹੀਂੲ

ੲ) ਹੇਲੀਕਾਪਟਰ ਰਾਹੀਂ

ਸ) ਰੇਲਗੱਡੀ ਰਾਹੀਂ

4. ਪਾਣੀ ਦੀ ਘਾਟ ਨਾਲ ਕਿਹੜੀ ਚੀਜ਼ ਖ਼ਤਰੇ ਵਿੱਚ ਪੈਂਦੀ ਹੈ?

ੳ) ਸਿੱਖਿਆ

ਅ) ਸਿਹਤ

ੲ) ਅਰਥ-ਵਿਵਸਥਾ

ਸ) ਮੌਸਮ

5. ਸਾਡੇ ਘਰਾਂ ਵਿਚ ਪਾਣੀ ਬਚਾਉਣ ਲਈ ਕੀ ਲਗਾਉਣਾ ਚਾਹੀਦਾ ਹੈ?

ੳ) ਸੋਲਰ ਪੈਨਲ

ਅ) ਪੱਖਾ

ੲ) ਰੇਨ ਵਾਟਰ ਹਾਰਵੇਸਟਿੰਗ

ਸ) ਸੀ.ਸੀ.ਟੀ.ਵੀ.

6. ਲੇਖਕ ਦੇ ਅਨੁਸਾਰ ਪਾਣੀ ਬਚਾਉਣਾ ਕੀ ਹੈ?

ੳ) ਵਿਕਲਪ

ਅ) ਚੋਣ

ੲ) ਸਾਡੀ ਜ਼ਿੰਮੇਵਾਰੀ

ਸ) ਕਰਤੱਵ

2. ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲ ਕਰਨ,
ਮਰਨ ਥੀਂ ਨਹੀਂ ਡਰਦੇ,
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ । 4x1=4

1.ਪੰਜਾਬ ਦੇ ਜਵਾਨ ਕਿਸ ਨਾਲ ਮਖੌਲ ਕਰਦੇ ਹਨ ?
2. ਪੰਜਾਬ ਦੇ ਜਵਾਨਾਂ ਨੂੰ ਕਿਵੇਂ ਵੱਸ ਕੀਤਾ ਜਾ ਸਕਦਾ ਹੈ ?
3. 'ਪਰ ਟੈਂ ਨਾ ਮੰਨਣ ਕਿਸੇ ਦੀ' ਤੁੱਕ ਤੋਂ ਪੰਜਾਬ ਦੇ ਜਵਾਨਾਂ ਦੇ ਕਿਹੜੇ ਸੁਭਾਅ ਦਾ ਪਤਾ ਲੱਗਦਾ ਹੈ ?
4. 'ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ' ਤੁੱਕ ਦਾ ਕੀ ਅਰਥ ਹੈ ?

ਭਾਗ-ਅ (ਵਿਆਕਰਨ)

3. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) । 2x1=2
(i) 1.ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲ਼ਾ ਸਮਾਸੀ ਸ਼ਬਦ ਚੁਣੋ-
(ੳ) ਸਾਫ਼-ਸੁਥਰਾ
(ਅ) ਦਿਨ-ਰਾਤ
(ੲ) ਰਾਜ-ਸਭਾ
(ਸ) ਨੇਤਰ-ਦਾਨ

2 .ਸਮਾਸੀ ਸ਼ਬਦ ਬਣਾਉਣ ਵੇਲੇ ਕਿਹੜਾ ਚਿੰਨ੍ਹ ਲੱਗਦਾ ਹੈ?
ੳ) ? (ਪ੍ਰਸ਼ਨ ਚਿੰਨ੍ਹ)
ਅ) ! (ਵਿਸਮਿਕ ਚਿੰਨ੍ਹ)
ੲ) _ (ਡੈਸ਼)
ਸ) - (ਜੋੜਨੀ)

3. ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ ਨਹੀਂ ਹੈ ?
(ੳ) ਪਿਆਰ
(ਅ) ਵਿੱਦਿਆ-ਦਾਨ
(ੲ)ਲੋਕ -ਪਰਲੋਕ
(ਸ) ਉੱਚੀ -ਉੱਚੀ

4. ਬਹੁਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2
1‘ਕਾਰ ’ ਦਾ ਇੱਕ ਅਰਥ ਹੈ ‘ਕੰਮ ਕਰਨਾ ’ ਦੂਜਾ ਅਰਥ ਕਿਹੜਾ ਹੈ?
(ੳ)ਪੂੰਜੀ
(ਅ)ਫੁੱਲ
(ੲ)ਮੋਟਰ-ਗੱਡੀ
( ਸ) ਝੂਠਾ

2. 'ਹਾਰ' ਦਾ ਇੱਕ ਅਰਥ ‘ ਹਾਰਨਾ’ ਤੇ ਦੂਜਾ ਕਿਹੜਾ ਹੁੰਦਾ ਹੈ ?
(ੳ) ਅਜਿੱਤ
(ਅ) ਸ਼ਰਮਿੰਦਗੀ
(ੲ) ਗਲ ਦਾ ਗਹਿਣਾ
(ਸ) ਬੂਟਾ
3. ਨੂੰਹ ਦੀ ਬੋਲੀ ਸੱਸ ਦਾ ਸੀਨਾ ਚੀਰ ਗਈ । ਇਸ ਵਾਕ ਵਿੱਚ ਬੋਲੀ ਦਾ ਕੀ ਅਰਥ ਹੈ ?

(ੳ) ਵਾਰਨਾ
(ਅ) ਯੋਜਨਾ
(ੲ) ਤੈਰਨਾ
(ਸ) ਤਾਅਨਾ

5 ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2
1.ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :
(ੳ) ਬਿਲਕੁਲ, ਬੇਸ਼ੱਕ
(ਅ) ਕਿਉਂਕਿ, ਤਾਂ ਕਿ
(ੲ) ਚੌੜਾ, ਰਤਾ ਕੁ
(ਸ) ਸੱਜੇ-ਖੱਬੇ

2.ਜਿਹੜੇ ਕਿਰਿਆ-ਵਿਸ਼ੇਸ਼ਣ ਕੰਮ ਦੇ ਹੋਣ ਦਾ ਸਮਾਂ ਦੱਸਣ , ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ :
(ੳ) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ
(ਅ) ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
(ੲ) ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ
(ਸ) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

3. ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ ?
(ੳ) ਕਿਰਿਆ
(ਅ) ਪੜਨਾਂਵ
(ੲ) ਕਿਰਿਆ-ਵਿਸ਼ੇਸ਼ਣ
(ਸ) ਵਿਸ਼ੇਸ਼ਣ

6. ਅਗੇਤਰ-ਪਿਛੇਤਰ: 1+1=2
ਪੁੱਛੇ ਗਏ ਅਨੁਸਾਰ ਹੱਲ ਕਰੋ:
(i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : ਨਿਰ, ਦੁਰ
(ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : ਦਾਰਨੀ , ਈਲਾ

7.ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪਸ਼ਟ ਕਰੋ। 4x1=4
ਕੰਨ ਭਰਨੇ
ਖੁੰਭ ਠੱਪਣਾ
ਗਊ ਦਾ ਜਾਇਆ
ਘੋੜੇ ਵੇਚ ਕੇ ਸੌਣਾ
ਚੰਨ ਤੇ ਥੁੱਕਣਾ
ਛੱਕੇ ਛੁਡਾਉਣੇ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ) 8+6+4=18

8.ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।1x8=8

(i)ਵਿਦਿਆਰਥੀਆਂ ਵਿੱਚ ਵੱਧ ਰਹੀ ਫੈਸ਼ਨ ਪ੍ਰਤੀ ਰੁਚੀ

( ਜਾਣ -ਪਛਾਣ .....ਫੈਸ਼ਨ ਵਿਹਲੜਾਂ ਦਾ ਸ਼ੌਕ .....ਫੈਸ਼ਨ ਪੱਛਮ ਦੀ ਦੇਣ .....ਵਿਦਿਆਰਥੀ ਵਰਗ ਫੈਸ਼ਨ ਤੋਂ ਵਧੇਰੇ ਪ੍ਰਭਾਵਿਤ..... ਫੈਸ਼ਨ ਕਰਨ ਦੇ ਕਈ ਢੰਗ .....ਇਕ ਦੂਜੇ ਦੀ ਰੀਸ ਕਰਨਾ..... ਫੈਸ਼ਨ ਦੀਆਂ ਹਾਨੀਆਂ..... ਸਿੱਟਾ.....)

(ii) ਅਜੋਕੇ ਸਮੇਂ ਵਿੱਚ ਪ੍ਰਦੂਸ਼ਣ ਦੀ ਸਮੱਸਿਆ

ਭੂਮਿਕਾ.... ਸਮੱਸਿਆਵਾਂ.... ਕਾਰਨ.... ਜਲ ਪ੍ਰਦੂਸ਼ਣ.... ਹਵਾ ਪ੍ਰਦੂਸ਼ਣ... ਭੂਮੀ ਪ੍ਰਦੂਸ਼ਣ.... ਸ਼ੋਰ-ਸ਼ਰਾਬਾ.... ਨੁਕਸਾਨ.... ਸੁਝਾਅ.... ਸਾਰੰਸ਼ ।

(iii) ਦਿਨੋ- ਦਿਨ ਵੱਧ ਰਹੀ ਮੋਬਾਈਲ ਦੀ ਵਰਤੋ
ਨੁਕਤੇ: ਜਾਣ- ਪਛਾਣ .... ਵਿਦਿਆਰਥੀ ਵਰਗ ਵਿੱਚ ਮੋਬਾਈਲ ਫੋਨ ਦੀ ਵਰਤੋਂ..... ਮਨ ਲੁਭਾਉ ਗੇਮਾਂ..... ਗੀਤ ਸੰਗੀਤ.... ਸਮੇਂ ਦੀ ਬਰਬਾਦੀ... ਜਾਣਕਾਰੀ ਸਾਂਝੀ ਕਰਨ ਦੇ ਨੁਕਸਾਨ...... ਮਨ ਦੀ ਇਕਾਗਰਤਾ ਦਾ ਭੰਗ ਹੋਣਾ.... ਪੜ੍ਹਾਈ ਵੱਲ ਅਵੇਸਲਾਪਨ.. ਸਿੱਟਾ

9. (i) ਛੋਟੇ ਭਰਾ ਨੂੰ ਮਾੜੀ ਸੰਗਤ ਛੱਡਣ ਅਤੇ ਦਿਲ ਲਾ ਕੇ ਪੜ੍ਹਾਈ ਕਰਨ ਲਈ ਪ੍ਰੇਰਨਾ ਪੱਤਰ ਲਿਖੋ। 1x6=6

ਨੁਕਤੇ:- ਮਾੜੀ ਸੰਗਤ ਵਿੱਚ ਰਹਿਣਾ...... ਪਰੀਖਿਆ ਵਿੱਚ ਘੱਟ ਨੰਬਰ ਆਉਣਾ......ਮਾੜੀ ਸੰਗਤ ਦੇ ਨੁਕਸਾਨ......ਚੰਗੀ ਸੰਗਤ ਵਿੱਚ ਰਹਿਣ ਲਈ ਪ੍ਰੇਰਿਤ ਕਰਨਾ।

ਜਾਂ

(ii) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਇੱਕ ਬਿਨੈ-ਪੱਤਰ ਲਿਖੋ ਜਿਸ ਰਾਹੀਂ ਸਕੂਲ ਵਿੱਚ ਪੀਣ ਦੇ ਸਾਫ਼ ਪਾਣੀ ਦਾ ਪ੍ਰਬੰਧ ਕਰਨ ਲਈ ਬਿਨੈ-ਪੱਤਰ ਲਿਖੋ ।
ਨੁਕਤੇ:- ਸਕੂਲ ਵਿੱਚ ਪੀਣ ਦੇ ਪਾਣੀ ਦੀ ਘਾਟ ਹੋਣਾ.... ਪਾਣੀ ਦਾ ਸਾਫ ਨਾ ਆਉਣਾ..... ਗੰਦੇ ਪਾਣੀ ਨਾਲ ਵਿਦਿਆਰਥੀਆਂ ਦੀ ਤਬੀਅਤ ਖਰਾਬ ਹੋਣਾ..... ਪੀਣ ਦੇ ਸਾਫ਼ ਪਾਣੀ ਲਈ ਬੇਨਤੀ ।

10. ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ 1x4=4



ਨੋਟ-ਇਹ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ ਨੇਤਰਹੀਣ ਵਿਦਿਆਰਥੀਆਂ ਲਈ ਹੈ।
ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜ਼ੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਭਾਗ ਸ (ਪਾਠ- ਪੁਸਤਕ ਤੇ ਅਧਾਰਿਤ ਪ੍ਰਸ਼ਨ) 5+5+4+14+8+4=40

11 ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5x1=5

1)ਕਿਹੜੇ ਪਿਆਰ ਤੋਂ ਸਮਾਜ ਅਤੇ ਦੇਸ਼ ਪ੍ਰਤੀ ਪਿਆਰ ਪੈਦਾ ਹੁੰਦਾ ਹੈ?
ੳ) ਬੱਚਿਆਂ ਦੇ
ਅ) ਮਾਪਿਆਂ ਦੇ
ੲ) ਘਰ ਦੇ
ਸ) ਸਕੂਲ ਦੇ

2) ਬੋਲੀ ਲੇਖ ਕਿਸ ਦੀ ਰਚਨਾ ਹੈ?
ੳ) ਪੂਰਨ ਸਿੰਘ
ਅ) ਗੁਰਬਖਸ਼ ਸਿੰਘ
ੲ) ਮੋਹਨ ਸਿੰਘ
ਸ) ਭਾਈ ਵੀਰ ਸਿੰਘ

3) ਮੇਰੇ ਵੱਡੇ- ਵਡੇਰੇ ਲੇਖ ਵਿੱਚ ਲੇਖਕ ਦੇ ਬਾਬੇ/ਦਾਦੇ ਕਿੰਨੇ ਭਰਾ ਸਨ?
ੳ) ਤਿੰਨ
ਅ) ਚਾਰ
ੲ) ਪੰਜ
ਸ) ਦੋ

4) ਤੁਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਕਿਸ ਦੇ ਹਵਾਲੇ ਕਰ ਦਿੰਦਾ ਹੈ?
ੳ) ਕੁਦਰਤ ਦੇ
ਅ) ਦੋਸਤ ਦੇ
ੲ) ਵਕਤ ਦੇ
ਸ) ਬਿਮਾਰੀਆਂ ਦੇ

5) ਕਾਕੇ ਨੇ ਕਿਸ ਨੂੰ ਮਾਰਿਆ?
ੳ) ਸੇਠ ਦੇ ਮੁੰਡੇ ਨੂੰ
ਅ) ਪੁਲਿਸ ਦੇ ਮੁੰਡੇ ਨੂੰ
ੲ) ਸ਼ਾਹਾਂ ਦੇ ਮੁੰਡੇ ਨੂੰ
ਸ) ਡਾਕਟਰ ਦੇ ਮੁੰਡੇ ਨੂੰ

6) ਕਰਤਾਰ ਸਿੰਘ ਦੀ ਮੌਤ ਦਾ ਕਾਰਨ ਕੀ ਸੀ?
ੳ) ਵੱਧ ਮਿਹਨਤ
ਅ) ਬਿਮਾਰੀ
ੲ) ਨਸ਼ਾ
ਸ) ਜੂਆ

12 ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ।)
5x1=5

1 ਰਾਜੇ ਮਹਾਰਾਜੇ ਕਿਸ ਤੋਂ ਜਨਮ ਲੈਂਦੇ ਹਨ?
ੳ) ਪਰਮਾਤਮਾ ਤੋਂ
ਅ) ਗੁਰੂ ਤੋਂ
ੲ) ਇਸਤਰੀ ਤੋਂ
ਸ) ਭੂਮੀ ਤੋਂ

2 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਅਨੁਸਾਰ ਸਭਨਾ ਥਾਵਾਂ ਉੱਤੇ ਸਾਡਾ ਰਾਖਾ ਕੌਣ ਹੈ?
ੳ) ਪਿਤਾ
ਅ) ਮਨੁੱਖ

ੲ) ਪਰਮਾਤਮਾ
ਸ) ਭਰਾ
3 'ਕਿਲਵਿਖ' ਦਾ ਕੀ ਅਰਥ ਹੈ?
ੳ) ਖਿਮਾ
ਅ) ਰਿਸ਼ਤੇਦਾਰ
ੲ) ਲੋਭ
ਸ) ਪਾਪ

4. ਸੰਸਾਰ ਵਿੱਚ ਕੀ ਕਰਨ ਵਾਲਿਆਂ ਦੀ ਜੈ- ਜੈਕਾਰ ਹੁੰਦੀ ਹੈ ?
ੳ) ਚੁਗਲੀਆਂ ਕਰਨ ਵਾਲਿਆਂ ਦੀ
ਅ) ਨਾਮ ਸਿਮਰਨ ਕਰਨ ਵਾਲਿਆਂ ਦੀ
ੲ) ਝੂਠ ਬੋਲਣ ਵਾਲਿਆਂ ਦੀ
ਸ) ਕੰਮ ਕਰਨ ਵਾਲਿਆਂ ਦੀ

5 ਔਰੰਗਜ਼ੇਬ ਕੋਲ ਜ਼ਫ਼ਰਨਾਮਾ ਕੌਣ ਲੈ ਕੇ ਆਇਆ?
ੳ) ਬਲਦੇਵ ਸਿੰਘ
ਅ) ਦਯਾ ਸਿੰਘ
ੲ) ਗੁਰਦਿੱਤ ਸਿੰਘ
ਸ) ਹਿੰਮਤ ਸਿੰਘ

6 ਸੁਖਦੇਵ ਦੀ ਪਤਨੀ ਦਾ ਕੀ ਨਾਂ ਸੀ?
ੳ) ਮਨਜੀਤ
ਅ) ਹਰਜੀਤ
ੲ) ਹਰਮੀਤ
ਸ) ਜਗਜੀਤ

13 ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)

4x1=4

1 ਕਿਸ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਦੇ ਚਪੇੜਾਂ ਤੋਂ ਬਚਾਇਆ?
2 ਮਨੁੱਖ ਦੀ ਸਭ ਤੋਂ ਕੀਮਤੀ ਤੇ ਪਿਆਰੀ ਵਿਰਾਸਤ ਕਿਹੜੀ ਹੈ?
3 ਸਿੱਖ ਲਈ ਚੜ੍ਹਦੀ ਕਲਾ ਦਾ ਸਾਧਨ ਕੀ ਹੈ?
4 ਕਾਕਾ ਨੀਂਦ ਵਿੱਚ ਕੀ ਬੁੜਬੁੜਾ ਰਿਹਾ ਸੀ?
5 ਅਮਰੀਕ ਦੇ ਪਿਓ ਦਾ ਕੀ ਨਾਂ ਸੀ?

14 ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ) 7x2=14

1) ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ਤੇ ਕਿਉਂ?

2) ਕਾਕਾ ਆਪਣੇ ਪਿਤਾ ਕੋਲੋਂ ਇੱਕ ਟਕਾ ਕਿਉਂ ਮੰਗਦਾ ਹੈ?

3) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸੀ ਰਹਿਣੀ-ਬਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ?

4) 'ਤੁਰਨ ਦਾ ਹੁਨਰ' ਲੇਖ ਅਨੁਸਾਰ ਦੱਸੋ ਕਿ ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?

5) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ?

6) ਅਰਦਾਸ ਨਾਲ ਕੀ ਹੁੰਦਾ ਹੈ?

7) ਸੁਖਦੇਵ ਕੌਰ ਦੀ ਚਿੱਠੀ ਵਿੱਚ ਕੀ ਲਿਖਿਆ ਸੀ?

8) ਵਜ਼ੀਰ ਖਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ ?

15 ਕਵਿਤਾ ਤੇ ਵਾਰਤਕ ਵਿੱਚੋਂ ( ਉੱਤਰ 50-60 ਸ਼ਬਦਾਂ ਵਿੱਚ ਦਿਓ) 2x4=8

1 'ਸੋ ਕਿਉ ਮੰਦਾ ਆਖੀਐ' ਸ਼ਬਦ ਦਾ ਕੇਂਦਰੀ ਭਾਵ ਲਿਖੋ?

ਜਾਂ

ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸੰਸਾਰ ਵਿੱਚ ਕੀ ਤਬਦੀਲੀ ਆਈ?

2 ਸਿੱਖਾਂ ਲਈ ਅਰਦਾਸ ਚੜ੍ਹਦੀ ਕਲਾ ਦਾ ਸਾਧਨ ਕਿਵੇਂ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ?

ਜਾਂ

ਮੇਰੇ ਵੱਡੇ ਵਡੇਰੇ ਵਿੱਚ ਲੇਖਕ ਆਪਣੇ ਬਾਬੇ-ਦਾਦਿਆਂ ਦੀ ਜੀਵਨ ਝਾਕੀ ਕਿਵੇਂ ਪੇਸ਼ ਕਰਦਾ ਹੈ?

16. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50- 60 ਸ਼ਬਦਾਂ ਵਿੱਚ ਦਿਓ) 1x4=4

1 ਜ਼ਫ਼ਰਨਾਮਾ ਨਾਂ ਦਾ ਖ਼ਤ ਪੜ੍ਹ ਕੇ ਔਰੰਗਜ਼ੇਬ ਉੱਤੇ ਇਸ ਦਾ ਕੀ ਅਸਰ ਹੋਇਆ?

ਜਾਂ

ਨਿਹਾਲ ਕੌਰ ਮਨਜੀਤ ਨੂੰ ਸੁਖਦੇਵ ਦੇ ਦੂਜੇ ਵਿਆਹ ਦੀਆਂ ਧਮਕੀਆਂ ਕਿਉਂ ਦਿੰਦੀ ਹੈ?